# ਦਫ਼ਤਰ ਜ਼ਿਲ੍ਹਾ ਸਿੱਖਿਆ ਅਫ਼ਸਰ(ਸੈ.ਸਿ.) ਸੰਗਰੂਰ।

ਵੱਲ:

ਸਮੂਹ ਸਕੂਲ ਮੁਖੀ
ਪ੍ਰਿੰਸੀਪਲ/ਮੁੱਖ ਅਧਿਆਪਕ
ਸਸਸਸ/ਸਹਸ/ਸਮਿਸ
ਸੰਗਰੂਰ।

ਮੀਮੋ ਨੰ. ਆਈ.ਸੀ.ਟੀ./ਕੰਪਿ. ਫੈਕ./2014/657
ਮਿਤੀ:15.07.2014

**ਵਿਸ਼ਾ: ਕੰਪਿਊਟਰ ਸਾਇੰਸ ਵਿਸ਼ੇ ਦੀ ਪੜ੍ਹਾਈ ਸਬੰਧੀ।**

ਉਪਰੋਕਤ ਵਿਸ਼ੇ ਸਬੰਧੀ ਇਹ ਵੇਖਿਆ ਗਿਆ ਹੈ ਕਿ ਕੰਪਿਊਟਰ ਅਧਿਆਪਕ ਆਮ ਤੌਰ 'ਤੇ ਬਹੁਤਾ ਸਮਾਂ ਡਾਕ ਆਦਿ ਡਾਊਨਲੋਡ/ਅਪਲੋਡ ਕਰਨ ਅਤੇ ਤਿਆਰ ਕਰਨ ਦੇ ਕੰਮ ਵਿੱਚ ਹੀ ਲੱਗੇ ਰਹਿੰਦੇ ਹਨ। ਜਿਸ ਨਾਲ ਵਿਦਿਆਰਥੀਆਂ ਦੀ ਕੰਪਿਊਟਰ ਸਾਇੰਸ ਵਿਸ਼ੇ ਦੀ ਪੜ੍ਹਾਈ ਦਾ ਨੁਕਸਾਨ ਹੋ ਰਿਹਾ ਹੈ। ਡਾਕ ਡਾਊਨਲੋਡ ਕਰਨ ਦਾ ਕੰਮ ਸਵੇਰ ਦੀ ਸਭਾ ਵਿੱਚ ਹੀ ਕਰ ਲਿਆ ਜਾਵੇ। ਸਕੂਲ ਸਮੇਂ ਦੌਰਾਨ ਭੇਜੀ ਜਾਣ ਵਾਲੀ ਵਿਸ਼ੇਸ਼ ਡਾਕ ਕੰਪਿਊਟਰ ਅਧਿਆਪਕ ਦੇ ਖਾਲੀ/ਵਿਹਲੇ ਪੀਰੀਅਡ ਵਿੱਚ ਹੀ ਤਿਆਰ ਕਰਵਾ ਕੇ ਭੇਜੀ ਜਾਵੇ। ਸਕੂਲਾਂ ਵਿੱਚ ਮੌਜੂਦ ਸਾਰੇ ਕਲਰਕਾਂ ਨੂੰ ਕੰਪਿਊਟਰ ਦੀ ਟ੍ਰੇਨਿੰਗ ਦਿੱਤੀ ਜਾ ਚੁੱਕੀ ਹੈ ਅਤੇ ਤੁਰੰਤ ਵਿਸ਼ੇਸ਼ ਭੇਜੀ ਜਾਣ ਵਾਲੀ ਡਾਕ ਕਲਰਕ ਤੋਂ ਤਿਆਰ ਕਰਵਾ ਕੇ ਭੇਜੀ ਜਾਵੇ। ਪਰ ਕਿਸੇ ਵੀ ਹਾਲਤ ਵਿੱਚ ਵਿਦਿਆਰਥੀਆਂ ਦੀ ਕੰਪਿਊਟਰ ਸਾਇੰਸ ਵਿਸ਼ੇ ਦੀ ਪੜ੍ਹਾਈ ਪ੍ਰਭਾਵਿਤ ਨਹੀਂ ਹੋਣੀ ਚਾਹੀਂਦੀ।

ਇਸ ਸਬੰਧੀ ਪਹਿਲਾਂ ਵੀ ਕਈ ਵਾਰੀ ਇਸ ਦਫ਼ਤਰ ਵੱਲੋਂ ਹਦਾਇਤਾਂ ਜਾਰੀ ਕੀਤੀਆਂ ਜਾ ਚੁੱਕੀਆਂ ਹਨ ਕਿ ਵਿਦਿਆਰਥੀਆਂ ਦੀ ਕੰਪਿਊਟਰ ਵਿਸ਼ੇ ਦੀ ਪੜ੍ਹਾਈ ਪ੍ਰਭਾਵਿਤ ਨਹੀਂ ਹੋਣੀ ਚਾਹੀਦੀ। ਸਕੂਲ ਵਿੱਚ ਹਰ ਕਲਾਸ ਦੇ ਬਣਦੇ ਪ੍ਰੈਕਟੀਕਲ ਅਤੇ ਥਿਊਰੀ ਦੇ ਪੀਰੀਅਡ ਲਗਾਏ ਜਾਣ ਅਤੇ ਸਿਲੇਬਸ ਦੀ ਮਹੀਨਾਵਾਰ-ਵੰਡ ਅਨੁਸਾਰ ਸਿਲੇਬਸ ਪੂਰਾ ਕਰਵਾਇਆ ਜਾਵੇ। ਵਿਦਿਆਰਥੀਆਂ ਨੂੰ ਕੰਪਿਊਟਰ ਵਿਸ਼ੇ ਦੇ ਪ੍ਰੈਕਟੀਕਲ ਆਉਣੇ ਚਾਹੀਂਦੇ ਹਨ ਅਤੇ ਟਾਈਪਿੰਗ ਸਪੀਡ ਵੀ ਨਾਰਮ ਅਨੁਸਾਰ ਹੋਣੀ ਚਾਹੀਦੀ ਹੈ। ਕਿਉਂਕਿ ਵਿਦਿਆਰਥੀਆਂ ਤੋਂ ਇਸ ਵਿਸ਼ੇ ਦੀ ਵੱਖਰੀ-ਵਿਸ਼ੇਸ਼ ਫੀਸ ਲਈ ਜਾਂਦੀ ਹੈ ਇਸ ਲਈ ਇਸ ਵਿਸ਼ੇ ਦੀ ਪੜ੍ਹਾਈ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਵੇ ਅਤੇ ਸਮੇਂ ਸਿਰ ਸਿਲੇਬਸ ਪੂਰਾ ਕਰਵਾਇਆ ਜਾਵੇ। ਸਕੂਲ ਦੇ ਸਮਾਂ-ਸਾਰਣੀ(ਟਾਈਮ-ਟੇਬਲ) ਵਿੱਚ ਕੰਪਿਊਟਰ ਦੇ ਥਿਊਰੀ ਦੇ ਨਾਲ-ਨਾਲ ਪ੍ਰੈਕਟੀਕਲ ਦੇ ਪੀਰੀਅਡਾਂ ਨੂੰ ਵੀ ਸ਼ਾਮਿਲ ਕੀਤਾ ਜਾਵੇ।ਉਪਰੋਕਤ ਹਦਾਇਤਾਂ ਦੀ ਪਾਲਣਾ ਇੰਨ-ਬਿੰਨ ਯਕੀਨੀ ਬਣਾਈ ਜਾਵੇ ਪਰ ਜੇਕਰ ਫਿਰ ਵੀ ਕਿਸੇ ਸਕੂਲ ਵਿੱਚ ਕੰਪਿਊਟਰ ਵਿਸ਼ੇ ਦੇ ਪੀਰੀਅਡ ਨਾਰਮ ਅਨੁਸਾਰ ਨਹੀਂ ਲਗਾਏ ਜਾਂਦੇ ਤਾਂ ਇਸ ਸਬੰਧੀ ਅਗਲੇਰੀ ਕਾਰਵਾਈ ਹਿੱਤ ਮੁੱਖ ਦਫ਼ਤਰ ਨੂੰ ਲਿਖ ਦਿੱਤਾ ਜਾਵੇਗਾ।

15/7/14

ਜ਼ਿਲ੍ਹਾ ਸਿੱਖਿਆ ਅਫ਼ਸਰ(ਸੈ.ਸਿ.)
81 ਸੰਗਰੂਰ।
15/7/14.